SERVIZIO SANITARIO REGIONALE
EMILIA-ROMAGNA
Azienda Unità Sanitaria Locale di Reggio Emilia

**Dipartimento Sanità Pubblica**
**Servizio Igiene Alimenti e Nutrizione**

# AREE UTILIZZATE PER LA SOMMINISTRAZIONE NEL PERIODO ESTIVO.

## ਗਰਮੀਆਂ ਵਿੱਚ ਖੁੱਲਣ ਵਾਲੀਆਂ ਮੌਸਮੀ ਦੁਕਾਨਾਂ

ਬਾਰ ਅਤੇ ਰੈਸਟੋਰੈਂਟਾਂ ਦੇ ਮਾਲਕ ਅਪਣੀ ਥਾਂ ਦੇ ਬਾਹਰ ਟੇਬਲ ਲਾਉਣ ਲਈ ਕਾਉਂਸਿਲ ਪਰਮਿਟ ਲਈ ਅਰਜ਼ੀ ਦੇ ਸਕਦੇ ਹਨ, ਬਸ਼ਰਤੇ:

- ਡਾਇਨਿੰਗ ਵਾਲੀ ਥਾਂ ਜਿੱਥੇ ਗਾਹਕ ਖਾਣ ਪੀਣਗੇ ਉਹ ਫੁੱਲਾਂ ਵਾਲੇ ਗਮਲਿਆਂ ਨਾਲ ਘਿਰਿਆ ਹੋਵੇ ਤਾਂ ਜੋ ਲਾਂਘੇ ਨੂੰ ਰੋਕਿਆ ਜਾ ਸਕੇ;
- ਡਾਇਨਿੰਗ ਵਾਲੀ ਥਾਂ ਜਿੱਥੇ ਗਾਹਕ ਖਾਣ ਪੀਣਗੇ ਉਹ ਸੜਕਾਂ ਜਾਂ ਚੁਰਾਹਿਆਂ ਦੇ ਨੇੜੇ ਨਹੀਂ ਹੋਣੀ ਚਾਹੀਦੀ ਜਿਸ ਵਿੱਚ ਬਹੁਤ ਸਾਰੀਆਂ ਗੱਡੀਆਂ ਚਲਦੀਆਂ ਹੋਣ; ਅਜਿਹੇ ਮਾਮਲੇ ਵਿੱਚ, ਇਹ ਥਾਂਵਾਂ ਵਾੜ ਜਾਂ ਪੈਨਲਾਂ ਨਾਲ ਘਿਰੀਆਂ ਹੋਣੀਆਂ ਚਾਹੀਦੀਆਂ ਹਨ ਜੋ ਘੱਟੋ ਘੱਟ 1.80 ਮੀਟਰ ਉੱਚੀਆਂ ਹੋਣ ;
- ਡਾਇਨਿੰਗ ਵਾਲੀ ਥਾਂ ਜਿੱਥੇ ਗਾਹਕ ਖਾਣ ਪੀਣਗੇ ਉਹ ਪੱਕੀ ਹੋਣੀ ਚਾਹੀਦੀ ਹੈ ਤਾਂ ਜੋ ਕੂੜੇ ਨੂੰ ਹਟਾਇਆ ਜਾ ਸਕੇ ਅਤੇ ਇਸਨੂੰ ਅਸਾਨੀ ਨਾਲ ਸਾਫ ਕੀਤਾ ਜਾ ਸਕੇ;
- ਰੈਸਟੋਰੈਂਟਾਂ, ਬਰਾਸਰੀਜ਼ ਅਤੇ ਛੋਟੀਆਂ ਦੁਕਾਨਾਂ (ਵੇਖੋ ਡੇਟਾਸ਼ੀਟਾਂ 2/A, 2/B ਅਤੇ 2/C) ਦੀਆਂ ਬਾਹਰਲੀਆਂ ਡਾਇਨਿੰਗ ਵਾਲੀ ਥਾਂਵਾਂ ਘਿਰੀਆਂ ਹੋਣੀਆਂ ਚਾਹੀਦੀਆਂ ਹਨ (ਭਾਂਵੇਂ ਛੱਤ ਕੱਚੀ ਹੋਵੇ) ਤਾਂ ਜੋ ਖਾਣੇ ਅਤੇ ਟੇਬਲਾਂ ਦੀ ਚਿੜੀਆਂ ਦੀਆਂ ਵਿੱਠਾਂ ਅਤੇ ਝੜਨ ਵਾਲੀਆਂ ਪੱਤੀਆਂ ਅਤੇ ਫੁੱਲਾਂ ਤੋਂ ਰੱਖਿਆ ਕੀਤੀ ਜਾ ਸਕੇ ।

ਦੁਕਾਨ ਦੇ ਮਾਲਿਕ ਨੂੰ ਕਾਉਂਸਿਲ ਪਰਮਿਟ ਲਈ ਅਰਜ਼ੀ ਦੇਣ ਵੇਲੇ ਇਹ ਕਹਿਣਾ ਜ਼ਰੂਰੀ ਹੈ ਕਿ ਇਹ ਸਾਰੀਆਂ ਸ਼ਰਤਾਂ ਪੂਰੀਆਂ ਕੀਤੀਆਂ ਜਾ ਸਕਦੀਆਂ ਹਨ ।